# ਤਿਰੰਗਾ (ਲੇਖਕ - ਸ਼੍ਰੀ ਸ਼ਿਵ ਕੁਮਾਰ ਬਟਾਲਵੀ)



## 1. ਪ੍ਰਸ਼ਨ/ ਉੱਤਰ

**ਪ੍ਰਸ਼ਨ ੳ. ਤਿਰੰਗੇ ਝੰਡੇ ਦੇ ਤਿੰਨ ਰੰਗਾਂ ਦੇ ਨਾਂ ਦੱਸੋ।**

ਉੱਤਰ : ਕੇਸਰੀ, ਚਿੱਟਾ ਅਤੇ ਹਰਾ।

**ਪ੍ਰਸ਼ਨ ਅ. ਤਿਰੰਗੇ ਵਿਚ ਸ਼ਬਦ 'ਸਾਵਾ' ਤੋਂ ਕੀ ਭਾਵ ਹੈ?**

ਉੱਤਰ : ਤਿਰੰਗੇ ਵਿਚ ਸ਼ਬਦ 'ਸਾਵਾ' ਤੋਂ ਭਾਵ ਖੁਸ਼ਹਾਲੀ ਹੈ।

**ਪ੍ਰਸ਼ਨ ੲ. ਕੇਸਰੀ ਰੰਗ ਕਿਸ ਗੱਲ ਨੂੰ ਦਰਸਾਉਂਦਾ ਹੈ?**

ਉੱਤਰ : ਕੇਸਰੀ ਰੰਗ ਕੁਰਬਾਨੀ ਦਾ ਪ੍ਰਤੀਕ ਹੈ।

**ਪ੍ਰਸ਼ਨ ਸ. ਅਸ਼ੋਕ ਚੱਕਰ ਤੋਂ ਕੀ ਭਾਵ ਹੈ?**

ਉੱਤਰ : ਅਸ਼ੋਕ ਚੱਕਰ ਤੋਂ ਭਾਵ ਵਿਕਾਸ ਤੋਂ ਹੈ।

## 2. ਹੇਠ ਲਿਖੀਆਂ ਸਤਰਾਂ ਨੂੰ ਪੂਰਾ ਕਰੋ-

ਸਾਵਾ ਰੰਗ ਤੇਰਾ ਦੱਸੇ

**ਖੇਤੀਆਂ ਦੇ ਰੰਗ ਨੂੰ।**

ਪਹਿਨ ਬਾਣਾ ਕੇਸਰੀ

**ਸ਼ਹੀਦ ਜਾਣ ਜੰਗ ਨੂੰ।**

ਚਿੱਟਾ ਰੰਗ ਤੇਰਾ ਸਾਡਾ

**ਸ਼ਾਂਤੀ ਵਿਧਾਨ ਏ।**

## 3. ਔਖੇ ਸ਼ਬਦਾਂ ਦੇ ਅਰਥ:

| | |
|---|---|
| ਤਿਰੰਗਾ | ਤਿਰੰਗੇ ਤੋਂ ਭਾਵ ਭਾਰਤ ਦਾ ਰਾਸ਼ਟਰੀ ਝੰਡਾ |
| ਅਜ਼ਾਦੀ | ਖੁੱਲ੍ਹ, ਸੁਤੰਤਰਤਾ |
| ਅੰਬਰ | ਅਕਾਸ਼, ਅਸਮਾਨ, ਗਗਨ, ਅਰਸ਼ |
| ਨਿਰਾਲੀ | ਵੱਖਰੀ, ਵਿਲੱਖਣ |
| ਏਕਤਾ | ਏਕਾ, ਮੇਲ਼, ਇਕੱਠ |
| ਵਿਕਾਸ | ਵਾਧਾ, ਤਰੱਕੀ, ਉੱਨਤੀ |
| ਸਾਵਾ | ਹਰਾ, ਸਬਜ਼ |
| ਬਾਣਾ | ਲਿਬਾਸ, ਪਹਿਰਾਵਾ |

## 4. ਹੇਠ ਲਿਖੇ ਸ਼ਬਦਾਂ ਨੂੰ ਸਮਾਨ ਅਰਥੀ ਸ਼ਬਦਾਂ ਨਾਲ਼ ਮਿਲਾਓ-

| | | |
|---|---|---|
| ਅਜ਼ਾਦੀ | = | ਸੁਤੰਤਰਤਾ |
| ਅੰਬਰ | = | ਅਸਮਾਨ |
| ਬਾਣਾ | = | ਪਹਿਚਾਣ |
| ਵਿਕਾਸ | = | ਤਰੱਕੀ |
| ਨਿਰਾਲੀ | = | ਵੱਖਰੀ |

Scanned with CamScanner

## ਪਾਠ - 2

# ਆਪਣੇ ਆਪਣੇ ਥਾਂ ਸਾਰੇ ਚੰਗੇ (ਲੇਖਕ- ਸ਼੍ਰੀਮਤੀ ਅਮ੍ਰਿਤਾ ਪ੍ਰੀਤਮ)

## 1. ਪ੍ਰਸ਼ਨ/ਉੱਤਰ

**ਪ੍ਰਸ਼ਨ ੳ. ਰਸੋਈ ਦੀ ਅਲਮਾਰੀ ਦੇ ਲਿਫ਼ਾਫ਼ਿਆਂ ਵਿਚ ਕਿਹੜੀਆਂ-ਕਿਹੜੀਆਂ ਚੀਜ਼ਾਂ ਪਈਆਂ ਸਨ?**

ਉੱਤਰ : ਰਸੋਈ ਦੀ ਅਲਮਾਰੀ ਦੇ ਲਿਫ਼ਾਫ਼ਿਆਂ ਵਿਚ ਇਲਾਚੀ, ਸੌਂਫ, ਜਵੈਣ, ਅੰਬਚੂਰ ਤੇ ਅਨਾਰਦਾਣਾ ਪਏ ਸਨ।

**ਪ੍ਰਸ਼ਨ ਅ. ਇਲਾਚੀ ਨੂੰ ਕਿਸ ਗੱਲ ਦਾ ਘੁਮੰਡ ਸੀ?**

ਉੱਤਰ : ਇਲਾਚੀ ਨੂੰ ਆਪਣੀ ਸੁੰਦਰਤਾ, ਗੁਣਾਂ ਅਤੇ ਮਹਿੰਗੀ ਹੋਣ ਦਾ ਘੁਮੰਡ ਸੀ।

**ਪ੍ਰਸ਼ਨ ੲ. ਸੌਂਫ ਤੇ ਜਵੈਣ ਵਿਚ ਕਿਹੜੇ-ਕਿਹੜੇ ਗੁਣ ਸਨ?**

ਉੱਤਰ : ਸੌਂਫ ਤੇ ਜਵੈਣ ਦੀ ਵਰਤੋਂ ਢਿੱਡ-ਪੀੜ ਹਟਾਉਣ ਲਈ ਕੀਤੀ ਜਾਂਦੀ ਹੈ। ਇਹਨਾਂ ਦੀ ਵਰਤੋਂ ਹਕੀਮ ਦਵਾਈਆਂ ਬਣਾਉਣ ਲਈ ਕਰਦੇ ਹਨ।

**ਪ੍ਰਸ਼ਨ ਸ. ਅੰਬਚੂਰ ਕਿਸ ਕੰਮ ਆਉਂਦਾ ਹੈ?**

ਉੱਤਰ : ਅੰਬਚੂਰ ਖੱਟਾ ਹੋਣ ਕਾਰਨ ਖਾਣਾ ਸੁਆਦ ਬਣਾਉਣ ਲਈ ਵਰਤਿਆ ਜਾਂਦਾ ਹੈ।

**ਪ੍ਰਸ਼ਨ ਹ. ਅਨਾਰਦਾਣਾ ਕਿਹੜੇ ਦੇਸ ਤੋਂ ਆਇਆ ਸੀ ਅਤੇ ਇਸ ਦੀ ਵਰਤੋਂ ਕਿਸ ਚੀਜ਼ ਵਿਚ ਹੁੰਦੀ ਹੈ?**

ਉੱਤਰ : ਅਨਾਰਦਾਣਾ ਦੂਰ-ਦੁਰਾਡੇ ਦੇਸ ਕਸ਼ਮੀਰ ਤੋਂ ਆਇਆ ਸੀ। ਇਸ ਦੀ ਵਰਤੋਂ ਪੂਦਨੇ ਦੀ ਚਟਨੀ ਨੂੰ ਸੁਆਦ ਬਣਾਉਣ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ ਕ. ਪੂਦਨੇ ਦਾ ਇਲਾਚੀ ਅਤੇ ਦੂਜੀਆਂ ਚੀਜ਼ਾਂ ਬਾਰੇ ਕੀ ਵਿਚਾਰ ਸੀ?**

ਉੱਤਰ : ਪੂਦਨੇ ਦਾ ਵਿਚਾਰ ਸੀ ਕਿ ਇਲਾਚੀ ਨੂੰ ਮਹਿੰਗੀ ਹੋਣ ਕਰਕੇ ਘੁਮੰਡ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਦੂਜਿਆਂ ਨੂੰ ਨਫ਼ਰਤ ਕਰਨੀ ਚਾਹੀਦੀ ਹੈ, ਕਿਉਂਕਿ ਸਾਰੀਆਂ ਚੀਜ਼ਾਂ ਵਿਚ ਆਪਣੇ ਆਪਣੇ ਗੁਣ ਹੁੰਦੇ ਹਨ?

**ਪ੍ਰਸ਼ਨ ਖ. ਪੂਦਨੇ ਨੇ ਕੀ ਗੱਲ ਕੀਤੀ ਸੀ ਅਤੇ ਪੂਦਨੇ ਦੀ ਗੱਲ ਸੁਣ ਕੇ ਸਾਰਿਆਂ ਨੇ ਕੀ ਵਚਨ ਦਿੱਤਾ?**

ਉੱਤਰ : ਪੂਦਨੇ ਨੇ ਕਿਹਾ ਕਿ ਉਨ੍ਹਾਂ ਨੂੰ ਕਿਸੇ ਚੀਜ਼ ਨੂੰ ਨਫ਼ਰਤ ਨਹੀਂ ਕਰਨੀ ਚਾਹੀਦੀ, ਕਿਉਂਕਿ ਹਰੇਕ ਵਿਚ ਆਪਣੇ ਆਪਣੇ ਗੁਣ ਹੁੰਦੇ ਹਨ ਤੇ ਉਹ ਕਿਸੇ ਨਾ ਕਿਸੇ ਕੰਮ ਆਉਂਦੀ ਹੈ। ਪੂਦਨੇ ਦੀ ਗੱਲ ਸੁਣ ਕੇ ਸਾਰਿਆਂ ਨੇ ਵਚਨ ਦਿੱਤਾ ਕਿ ਉਹ ਸਾਰੇ ਇਕੱਠੇ ਰਹਿਣਗੇ ਤੇ ਇੱਕ-ਦੂਜੇ ਦੇ ਅਸਲ ਸਾਥੀ ਬਣਨਗੇ।

## 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ-

1. **ਰਸੋਈ** (ਖਾਣਾ ਪਕਾਉਣ ਦਾ ਕਮਰਾ)- ਸਾਡੇ ਘਰ ਇੱਕ ਰਸੋਈ ਹੈ।
2. **ਅਲਮਾਰੀ** (ਸਮਾਨ ਰੱਖਣ ਦੇ ਖ਼ਾਨੇ ਜਿਨ੍ਹਾਂ ਅੱਗੇ ਦਰਵਾਜਾ ਲੱਗਾ ਹੋਵੇ)- ਮਾਤਾ ਜੀ ਨੇ ਕੱਪੜੇ ਅਲਮਾਰੀ ਵਿਚ ਰੱਖ ਦਿੱਤੇ।
3. **ਮਠਿਆਈ** (ਮਿੱਠੇ ਵਾਲਾ ਪਕਵਾਨ)- ਮੈਨੂੰ ਮਠਿਆਈ ਬਹੁਤ ਸੁਆਦ ਲੱਗਦੀ ਹੈ।
4. **ਸ਼ਰਬਤ** (ਮਿੱਠਾ ਪਾਣੀ)- ਮੈਂ ਛਬੀਲ ਤੋਂ ਸ਼ਰਬਤ ਪੀਤੀ।
5. **ਅਸਮਾਨ** (ਅਕਾਸ਼)- ਅਸਮਾਨ ਵਿਚ ਬੱਦਲ ਗਰਜ਼ ਰਹੇ ਹਨ।

## 3. ਔਖੇ ਸ਼ਬਦਾਂ ਦੇ ਅਰਥ

| | |
|---|---|
| ਬੇਲੀ | ਮਿੱਤਰ |
| ਉੱਤਮ | ਵਧੀਆ |
| ਵਚਨ | ਵਾਇਦਾ, ਇਕਰਾਰ, ਕੌਲ, ਪ੍ਰਣ |
| ਇਤਬਾਰ | ਯਕੀਨ, ਭਰੋਸਾ, ਵਿਸ਼ਵਾਸ |

Scanned with CamScanner

| | |
|---|---|
| ਇਨਸਾਫ਼ | ਨਿਆਂ, ਸੱਚ-ਝੂਠ ਦਾ ਨਿਤਾਰਾ |
| ਵੈਦ-ਹਕੀਮ | ਦੇਸੀ ਦਵਾਈਆਂ ਰਾਂਹੀ ਇਲਾਜ਼ ਕਰਨ ਵਾਲ਼ਾ ਆਦਮੀ |
| ਪੂਦਨਾ | ਪੁਦੀਨਾ |

**4. ਸਹੀ/ ਗ਼ਲਤ ਚੁਣੋ-**

1. ਸ਼ਾਮ ਵੇਲੇ ਇਲਾਚੀ ਨੂੰ ਬੜੀ ਗਰਮੀ ਲੱਗੀ। **(ਗ਼ਲਤ)**
2. ਪੂਦਨੇ ਨੂੰ ਢੱਕਣ ਬੜਾ ਠੰਡਾ ਲੱਗਾ। **(ਗ਼ਲਤ)**
3. ਸੌਂਫ ਤੇ ਜਵੈਣ ਇਕੱਠੀਆਂ ਬੈਠੀਆਂ ਸਨ। **(ਠੀਕ)**

**ਵਿਆਕਰਨ :**

**ਰਸੋਈ** ਦੀ **ਅਲਮਾਰੀ** ਵਿਚ **ਇਲਾਚੀ, ਸੌਂਫ, ਜਵੈਣ, ਅੰਬਚੂਰ** ਅਤੇ **ਅਨਾਰਦਾਣਾ** ਵੱਖ-ਵੱਖ **ਲਿਫ਼ਾਫ਼ਿਆਂ** ਅੰਦਰ ਬੈਠੇ ਰਹਿੰਦੇ ਸਨ।


**ਨਾਂਵ –** ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਹਾਲਾਤ, ਗੁਣ, ਭਾਵ ਆਦਿ ਲਈ ਵਰਤੇ ਜਾਂਦੇ ਸ਼ਬਦਾ ਨੂੰ ਨਾਂਵ ਕਿਹਾ ਜਾਂਦਾ ਹੈ; ਜਿਵੇ- ਰਸੋਈ, ਇਲਾਚੀ, ਅੰਬਚੂਰ ਆਦਿ।

ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :

1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ
2. ਖ਼ਾਸ ਨਾਂਵ
3. ਇਕੱਠਵਾਚਕ ਨਾਂਵ
4. ਭਾਵਵਾਚਕ ਨਾਂਵ
5. ਪਦਾਰਥਵਾਚਕ ਨਾਂਵ

## ਪਾਠ – 3
## ਮਹਾਤਮਾ ਗਾਂਧੀ (ਲੇਖਕ – ਸ੍ਰੀਮਤੀ ਨਿਤਾਸ਼ਾ ਕੋਹਲੀ)

**1. ਪ੍ਰਸ਼ਨ/ ਉੱਤਰ**



**ਪ੍ਰਸ਼ਨ ੳ. ਮਹਾਤਮਾਂ ਗਾਂਧੀ ਦਾ ਪੂਰਾ ਨਾਂ ਕੀ ਸੀ?**
ਉੱਤਰ : ਸ਼੍ਰੀ ਮੋਹਨ ਦਾਸ ਕਰਮਚੰਦ ਗਾਂਧੀ।
**ਪ੍ਰਸ਼ਨ ਅ. ਮਹਾਤਮਾ ਗਾਂਧੀ ਨੇ ਕਿਹੜਾ ਮਾਰਗ ਚੁਣਿਆ?**
ਉੱਤਰ : ਅਹਿੰਸਾ ਦਾ ਮਾਰਗ।
**ਪ੍ਰਸ਼ਨ ੲ. ਮਹਾਤਮਾ ਗਾਂਧੀ ਨੇ ਬਚਪਨ ਵਿਚ ਕਿਹੜਾ ਨਾਟਕ ਦੇਖਿਆ ਤੇ ਉਹਨਾਂ ਦੇ ਮਨ ਉੱਤੇ ਉਸ ਨਾਟਕ ਦਾ ਕਿਹੋ ਜਿਹਾ ਪ੍ਰਭਾਵ ਪਿਆ ਸੀ?**
ਉੱਤਰ : ਮਹਾਤਮਾ ਗਾਂਧੀ ਨੇ ਬਚਪਨ ਵਿਚ 'ਹਰੀਸ਼ ਚੰਦਰ' ਨਾਟਕ ਦੇਖਿਆ। ਹਰੀਸ਼ ਚੰਦਰ ਦੇ ਸੱਤਿਆ ਵਾਦੀ ਸੁਭਾਅ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਿਆ।

Scanned with CamScanner

**ਪ੍ਰਸ਼ਨ ਸ. ਗਾਂਧੀ ਜੀ ਦੇ ਮਨ ਉੱਤੇ ਸਰਵਣ ਦੀ ਪਿਤਰੀ-ਭਗਤੀ ਦਾ ਕੀ ਅਸਰ ਪਿਆ?**

ਉੱਤਰ : ਸਰਵਣ ਦੀ ਪਿਤਰੀ-ਭਗਤੀ ਦੇ ਪ੍ਰਭਾਵ ਕਾਰਨ ਗਾਂਧੀ ਜੀ ਮਾਤਾ-ਪਿਤਾ ਦੀ ਸੇਵਾ ਨੂੰ ਪਰਮ-ਧਰਮ ਮੰਨਦੇ ਸਨ।

**ਪ੍ਰਸ਼ਨ ਹ. ਗਾਂਧੀ ਜੀ ਨੇ ਸਕੂਲ ਵਿਚ ਨਕਲ ਕਿਉਂ ਨਹੀਂ ਕੀਤੀ?**

ਉੱਤਰ : ਗਾਂਧੀ ਜੀ ਨਕਲ ਨੂੰ ਪਾਪ ਸਮਝਦੇ ਸਨ। ਉਹ ਮੰਨਦੇ ਸਨ ਕਿ ਨਕਲ ਕਰ ਕੇ ਅਸੀਂ ਆਪਣੇ ਆਪ ਨੂੰ ਦੋਖਾ ਦਿੰਦੇ ਹਾਂ।

**ਪ੍ਰਸ਼ਨ ਕ. ਮਹਾਤਮਾ ਗਾਂਧੀ ਨੇ ਆਪਣੀ ਮਾਂ ਨੂੰ ਕਿਹੜਾ ਵਚਨ ਦਿੱਤਾ ਸੀ?**

ਉੱਤਰ : ਉਹਨਾਂ ਨੇ ਆਪਣੀ ਮਾਂ ਨੂੰ ਵਚਨ ਦਿੱਤਾ ਕਿ ਉਹ ਇੰਗਲੈਂਡ ਜਾ ਕੇ ਕਦੇ ਮਾਸ ਤੇ ਸ਼ਰਾਬ ਦਾ ਸੇਵਨ ਨਹੀਂ ਕਰਨਗੇ।

**ਪ੍ਰਸ਼ਨ ਖ. ਮਹਾਮਤਾ ਗਾਂਧੀ ਜੀ ਦੇ ਤਿੰਨ ਬਾਂਦਰ ਕੀ ਸਿੱਖਿਆ ਦਿੰਦੇ ਹਨ?**

ਉੱਤਰ : ਮਹਾਤਮਾ ਗਾਧੀ ਜੀ ਦਾ ਪਹਿਲਾ ਬਾਂਦਰ ਬੁਰਾ ਨਾ ਬੋਲਣ, ਦੂਜਾ ਬੁਰਾ ਨਾ ਸੁਣਨ ਤੇ ਤੀਜਾ ਬੁਰਾ ਨਾ ਦੇਖਣ ਦੀ ਸਿੱਖਿਆ ਦਿੰਦਾ ਹੈ।

## 2. ਖਾਲੀ ਥਾਵਾਂ ਭਰੋ-

ੳ. ਗਾਂਧੀ ਜੀ ਦੇ ਵਿਚਾਰ ਬੜੇ **ਉੱਚੇ** ਤੇ **ਸੁੱਚੇ** ਸਨ।

ਅ. ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸੱਚ ਹੀ **ਰੱਬ** ਹੈ।

ੲ. ਗਾਂਧੀ ਜੀ ਮਾਤਾ-ਪਿਤਾ ਦੀ ਸੇਵਾ ਨੂੰ ਪਰਮ **ਧਰਮ** ਮੰਨਦੇ ਸਨ।

ਸ. ਗਾਂਧੀ ਜੀ ਆਪਣੇ ਅਸੂਲਾਂ ਦੇ ਬੜੇ **ਪੱਕੇ** ਸਨ।

ਹ. ਗਾਂਧੀ ਜੀ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ **ਅਹਿੰਸਾ** ਦਾ ਮਾਰਗ ਚਣਿਆ।

## 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ-

1. **ਅਹਿੰਸਾ** (ਜੀਵਾਂ ਨੂੰ ਨਾ ਮਾਰਨਾ) - ਗਾਂਧੀ ਜੀ ਨੇ ਅਹਿੰਸਾ ਦਾ ਮਾਰਗ ਚੁਣਿਆ।
2. **ਮੁਸੀਬਤ** (ਦੁੱਖ ਦਾ ਸਮਾਂ) - ਮੁਸੀਬਤ ਵੇਲੇ ਦੋਸਤਾਂ ਦੀ ਪਰਖ ਹੁੰਦੀ ਹੈ।
3. **ਗ਼ੁਲਾਮ** (ਅਧੀਨ) - ਭਾਰਤ ਬਹੁਤ ਸਮਾਂ ਅੰਗਰੇਜ਼ਾਂ ਦਾ ਗ਼ੁਲਾਮ ਰਿਹਾ ਸੀ।
4. **ਵਹਿੰਗੀ** (ਭਾਰ ਢੋਣ ਵਾਲੀ ਤੱਕੜੀ ਵਰਗੀ ਚੀਜ਼) - ਪਹਿਲਾਂ ਪਾਣੀ ਢੋਣ ਲਈ ਵਹਿੰਗੀ ਦੀ ਵਰਤੋਂ ਕੀਤੀ ਜਾਂਦੀ ਸੀ।
5. **ਸਹਿਪਾਠੀ** (ਇਕੋ ਜਮਾਤ ਵਿਚ ਪੜ੍ਹਨ ਵਾਲੇ) - ਮੋਹਨ ਮੇਰਾ ਸਹਿਪਾਠੀ ਹੈ।
6. **ਅਧਿਆਪਕ** (ਪੜ੍ਹਾਉਣ ਵਾਲਾ) - ਮੇਰਾ ਅਧਿਆਪਕ ਬਹੁਤ ਮਿਹਨਤੀ ਹਨ।
7. **ਚਰਿੱਤਰ** (ਆਚਰਨ) - ਗਾਂਧੀ ਜੀ ਦਾ ਚਰਿੱਤਰ ਬਹੁਤ ਉੱਚਾ ਸੀ।

## 4. ਵਿਰੋਧੀ ਸ਼ਬਦ :

| | |
|---|---|
| ਹਿੰਸਾ | ਅਹਿੰਸਾ |
| ਸੁਾਰਥ | ਨਿਰਸੁਾਰਥ |
| ਵਿਦੇਸ਼ੀ | ਦੇਸੀ |

## ਵਿਆਕਰਨ

**ਆਮ ਨਾਂਵ ਜਾਂ ਜਾਤੀ ਵਾਚਕ ਨਾਂਵ** - ਜਿਹੜੇ ਸ਼ਬਦ ਕਿਸੇ ਜਾਤੀ ਦੀ ਹਰ ਇੱਕ ਵਸਤੂ ਲਈ ਲਈ ਸਾਂਝੇ ਤੌਰ ਤੇ ਵਰਤੇ ਜਾਣ, ਉਹਨਾਂ ਨੂੰ ਆਂਮ ਨਾਂਵ ਕਿਹਾ ਜਾਂਦਾ ਹੈ; ਜਿਵੇਂ- ਦੇਸ, ਮੁੰਡਾ, ਪਿੰਡ ਆਦਿ।

**ਖਾਸ ਨਾਂਵ** - ਜਿਹੜੇ ਸ਼ਬਦ ਕਿਸੇ ਖਾਸ ਵਿਅਕਤੀ, ਵਸਤੂ ਜਾਂ ਸਥਾਨ ਲਈ ਵਰਤੇ ਜਾਣ ਉਹਨਾਂ ਨੂੰ ਖਾਸ ਨਾਂਵ ਕਿਹਾ ਜਾਂਦਾ ਹੈ; ਜਿਵੇਂ- ਭਾਰਤ, ਫ਼ਰੀਦਕੋਟ, ਧਰਮਿੰਦਰ ਆਦਿ।

Scanned with CamScanner

## ਪਾਠ - 4

## ਦੇਸ ਪੰਜਾਬ (ਲੇਖਕ - ਸ਼੍ਰੀ ਫ਼ੀਰੋਜ਼ਦੀਨ ਸ਼ਰਫ਼)

### 1. ਪ੍ਰਸ਼ਨ/ ਉੱਤਰ



**ਪ੍ਰਸ਼ਨ ੳ. ਕਵੀ ਨੇ ਪੰਜਾਬ ਦੇ ਸੁਹੱਪਣ ਦੀ ਤੁਲਨਾ ਕਿਸ ਫੁੱਲ ਨਾਲ਼ ਕੀਤੀ ਹੈ?**

ਉੱਤਰ : ਗੁਲਾਬ ਦੇ ਫੁੱਲ ਨਾਲ਼।

**ਪ੍ਰਸ਼ਨ ਅ. ਕਵੀਂ ਨੇ ਪੀਂਘਾਂ ਝੂਟਦੀਆਂ ਕੁੜੀਆਂ ਦੀ ਸਿਫ਼ਤ ਕੀ ਕਹਿ ਕੇ ਕੀਤੀ ਹੈ?**

ਉੱਤਰ : ਨਾਗਰ ਵੇਲਾਂ।

**ਪ੍ਰਸ਼ਨ ੲ. ਤ੍ਰਿੰਞਣ ਵਿਚ ਬੈਠ ਕੇ ਕੁੜੀਆਂ ਕੀ ਕਰਦੀਆਂ ਹਨ?**

ਉੱਤਰ : ਤ੍ਰਿੰਞਣ ਵਿਚ ਬੈਠ ਕੇ ਕੁੜੀਆਂ ਚਰਖਾ ਕੱਤਦੀਆਂ ਹਨ।

**ਪ੍ਰਸ਼ਨ ਸ. 'ਦੇਸ ਪੰਜਾਬ' ਕਵਿਤਾ ਅਨੁਸਾਰ ਪੰਜਾਬਣਾ ਦੇ ਪਹਿਰਾਵੇ ਬਾਰੇ ਦੱਸੋ।**

ਉੱਤਰ : ਇਸ ਕਵਿਤਾ ਅਨੁਸਾਰ ਪੰਜਾਬਣਾ ਹੀਰਿਆਂ-ਮੋਤੀਆਂ ਜੜੇ ਹਾਰ ਤੇ ਹਮੇਲਾਂ ਪਹਿਨਦੀਆਂ ਹਨ।

**ਪ੍ਰਸ਼ਨ ਹ. 'ਦੇਸ ਪੰਜਾਬ' ਕਵਿਤਾ ਵਿਚ ਆਏ ਦਰਿਆਵਾਂ ਦੇ ਨਾਂ ਲਿਖੋ।**

ਉੱਤਰ : ਸਤਲੁਜ, ਰਾਵੀ, ਜਿਹਲਮ, ਚਨਾਬ ਅਤੇ ਅਟਕ।

### 2. ਔਖੇ ਸ਼ਬਦਾਂ ਦੇ ਅਰਥ :

| | |
|---|---|
| ਨਾਗਰ | ਉੱਤਮ, ਸੁੰਦਰ, ਨਿਪੁੰਨ, ਚਤਰ |
| ਹਮੇਲ | ਔਰਤ ਦੇ ਗਲ 'ਚ ਪਾਏ ਜਾਣ ਵਾਲੇ ਇੱਕ ਗਹਿਣੇ ਦੀ ਕਿਸਮ |
| ਮਤਾਬ | ਚੰਨ, ਚੰਦਰਮਾ |
| ਉਨਾਬ | ਇੱਕ ਰੁੱਖ ਜਾਂ ਉਸ ਦੇ ਬੇਰ ਵਰਗਾ ਫ਼ਲ, ਉਨਾਬੀ ਰੰਗ ਵਰਗਾ ਕਾਲ਼ੀ ਭਾਅ ਮਾਰਦਾ ਲਾਲ ਰੰਗ |
| ਤ੍ਰਿੰਞਣ | ਕੱਤਣ ਵਾਸਤੇ ਇਕੱਠੀਆਂ ਹੋਈਆਂ ਕੁੜੀਆਂ ਦੀ ਇਕੱਠ |
| ਨਾਜ਼ਕ | ਕੋਮਲ, ਮੁਲਾਇਮ, ਮਲੂਕ |
| ਤਰੱਕਲਾ | ਚਰਖੇ ਦੀ ਲੰਮੀ ਸੀਖ |
| ਠੁਮਕ-ਠੁਮਕ | ਨਖਰੇ ਨਾਲ਼ ਤੁਰਨਾ |

### ਵਿਆਕਰਨ

**ਇਕੱਠਵਾਚਕ ਨਾਂਵ** - ਜੋ ਸ਼ਬਦ ਗਿਣਨਯੋਗ ਵਸਤੂਆਂ ਦੇ ਇਕੱਠ ਲਈ ਵਰਤੇ ਜਾਣ, ਉਨ੍ਹਾਂ ਨੂੰ ਇਕੱਠਵਾਚਕ ਨਾਂਵ ਕਿਹਾ ਜਾਂਦਾ ਹੈ; ਜਿਵੇ- ਫੌਜ਼, ਜਮਾਤ, ਸਭਾ ਆਦਿ।

Scanned with CamScanner